# ਲਾਜ਼ਮੀ ਪਾਬੰਦੀਆਂ

ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ ਅਤੇ ਸਿਹਤ ਪ੍ਰਣਾਲੀ ਦੀ ਰੱਖਿਆ ਲਈ ਸਾਰੇ ਅਲਬਰਟਾ ਵਿੱਚ ਲਾਜ਼ਮੀ ਜਨਤਕ ਸਿਹਤ ਦੇ ਉਪਾਅ ਲਾਗੂ ਹਨ ।

## ਇਕੱਠ

### ਅੰਦਰੂਨੀ ਇਕੱਠ

ਸਾਰੇ ਅੰਦਰੂਨੀ ਸਮਾਜਿਕ ਇਕੱਠਾਂ ਤੇ ਪਾਬੰਦੀ ਹੈ ।

- **ਉਹ ਵਿਅਕਤੀ ਜੋ ਇਕੱਲੇ ਰਹਿੰਦੇ ਹਨ ਅਤੇ ਇਕੱਲੇ ਮਾਪੇ ਜੋ ਸਿਰਫ** 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਰਹਿੰਦੇ ਹਨ ਉਹ ਦੋ ਵਿਅਕਤੀ ਚੁਣ ਸਕਦੇ ਹਨ ਜਿਨ੍ਹਾਂ ਨੂੰ ਉਹ ਇਹਨਾਂ ਪਾਬੰਦੀਆਂ ਦੇ ਦੌਰਾਨ ਮਿਲ ਸਕਦੇ ਹਨ ।

### ਬਾਹਰੀ ਇਕੱਠ

**ਸਾਰੇ ਬਾਹਰੀ ਸਮਾਜਿਕ ਇਕੱਠ ਵੱਧ ਤੋਂ ਵੱਧ** 10 ਲੋਕਾਂ ਤੱਕ ਸੀਮਿਤ ਹਨ ਅਤੇ ਇਹਨਾਂ ਵਿੱਚ ਅੰਦਰੂਨੀ ਹਿੱਸਾ ਨਹੀਂ ਹੋਣਾ ਚਾਹੀਦਾ ਹੈ।

### ਵਿਆਹ ਅਤੇ ਦਾਹ-ਸੰਸਕਾਰ

ਸਾਰੇ ਵਿਆਹ ਅਤੇ ਦਾਹ-ਸੰਸਕਾਰ ਦੇ ਇਕੱਠਾਂ ਦੀ ਮਨਾਹੀ ਹੈ।

- **ਵਿਆਹ ਦੀਆਂ ਰਸਮਾਂ ਇਕੱਠ** 10 ਲੋਕਾਂ ਤੱਕ ਸੀਮਤ ਹਨ ।
- **ਅੰਤਮ ਸੰਸਕਾਰ ਇਕੱਠ** 20 ਲੋਕਾਂ ਤੱਕ ਸੀਮਿਤ ਹਨ ।

### ਪੂਜਾ ਦੇ ਸਥਾਨ

ਪੂਜਾ ਦੇ ਸਾਰੇ ਸਥਾਨ ਵਿਅਕਤੀਗਤ ਹਾਜ਼ਰੀ ਲਈ ਫਾਇਰ ਕੋਡ ਦੇ 15 ਪ੍ਰਤੀਸ਼ਤ ਤੱਕ ਦੀ ਗਿਣਤੀ ਤੱਕ ਸੀਮਤ ਹਨ ।

- ਮਾਸਕ ਪਾਉਣਾ ਲਾਜ਼ਮੀ ਹੈ ।
- ਇਕ ਪਰਿਵਾਰ ਦੇ ਲੋਕਾਂ ਨੂੰ ਹਰ ਸਮੇਂ ਦੂਜੇ ਘਰਾਂ ਦੇ ਲੋਕਾਂ ਤੋਂ 2 ਮੀਟਰ ਦੀ ਦੂਰੀ ਤੇ ਰਹਿਣਾ ਜਰੂਰੀ ਹੈ ।

## ਮਾਸਕਿੰਗ

ਸਾਰੇ ਅੰਦਰੂਨੀ ਜਨਤਕ ਥਾਵਾਂ, ਕਾਰਜ ਸਥਾਨਾਂ ਅਤੇ ਪੂਜਾ ਸਥਾਨਾਂ 'ਤੇ ਮਾਸਕ ਪਾਉਣੇ ਲਾਜ਼ਮੀ ਹਨ ।

## ਘਰੋਂ ਕੰਮ ਕਰਨਾ

ਘਰ ਤੋਂ ਕੰਮ ਕਰਨਾ ਲਾਜ਼ਮੀ ਹੈ ਜਦੋਂ ਤੱਕ ਕੋਈ ਮਾਲਕ ਕਿਸੇ ਕਰਮਚਾਰੀ ਦੇ ਕੰਮ ਦੇ ਪ੍ਰਭਾਵ ਲਈ ਸਰੀਰਕ ਮੌਜੂਦਗੀ ਦੀ ਜ਼ਰੂਰਤ ਨਹੀਂ ਰੱਖਦਾ ।

## ਕਾਰੋਬਾਰ ਦੀਆਂ ਪਾਬੰਦੀਆਂ

### ਮਨੋਰੰਜਨ ਅਤੇ ਖੇਡ ਤਫਰੀਹ ਆਦਿ ਸਹੂਲਤਾਂ



@2021 Government of Alberta | ਪ੍ਰਕਾਸ਼ਿਤ: ਮਾਰਚ 2021

ਮਨੋਰੰਜਨ ਤੇ ਖੇਡ ਤਫ਼ਰੀਹ ਵਾਲੀਆਂ ਸਹੂਲਤਾਂ ਬੰਦ ਰਹਿਣਗੀਆਂ। ਜਿਵੇਂ ਕਿ ਨਾਟਕ ਮੰਚ, ਕੈਸੀਨੋ, ਮਨੋਰੰਜਨ ਕੇਂਦਰ। ਭਾਈਚਾਰਿਆਂ ਦੀਆਂ ਇਮਾਰਤਾਂ ਤੇ ਸੰਮੇਲਨ ਕੇਂਦਰ ਇਸ ਸਮੇਂ ਮਨਜ਼ੂਰਸ਼ੁਦਾ ਗਤੀਵਿਧੀਆਂ ਲਈ ਖੁੱਲ ਸਕਦੇ ਹਨ। ਲਾਇਬ੍ਰੇਰੀਆਂ, ਸਟਾਫ ਤੋਂ ਸਿਵਾ, ਅੱਗ ਦੇ ਕੋਡ ਦੇ ਹਿਸਾਬ ਨਾਲ 15% ਸਮਰੱਥਾ ਤੱਕ ਖੁੱਲ ਸਕਦੀਆਂ ਹਨ।

## ਭੋਜਨ ਸੇਵਾਵਾਂ

ਰੈਸਟੋਰੈਂਟ, ਪੱਬ, ਬਾਰ, ਆਰਾਮ ਘਰ ਅਤੇ ਕੈਫੇ
ਵਿਅਕਤੀਗਤ ਸੇਵਾ ਲਈ ਖੁੱਲ ਸਕਦੇ ਹਨ
ਇਕ ਮੇਜ ਤੇ ਵੱਧ ਤੋਂ ਵੱਧ 6 ਵਿਅਕਤੀ, ਸਿਰਫ ਘਰੇਲੂ ਮੈਂਬਰ
ਸੰਪਰਕ ਜਾਣਕਾਰੀ ਇਕੱਠਾ ਕੀਤਾ ਜਾਣਾ ਲਾਜ਼ਮੀ ਹੈ।

## ਪ੍ਰਚੂਨ ਸੇਵਾਵਾਂ

ਸਾਰੀਆਂ ਪ੍ਰਚੂਨ ਸੇਵਾਵਾਂ ਅਤੇ ਬਾਜਾਰ ਨੂੰ ਅਮਲੇ ਤੋਂ ਬਿਨਾ ਗਾਹਕਾਂ ਦੀ ਮੋਜੂਦਗੀ ਫਾਇਰ ਕੋਡ ਦੇ 25 ਪ੍ਰਤੀਸ਼ਤ ਤੱਕ ਦੀ ਗਿਣਤੀ ਤੱਕ ਸੀਮਤ ਹੈ ।

## ਸਿਹਤ ਅਤੇ ਪੇਸ਼ੇਵਰ ਸੇਵਾਵਾਂ

**ਸਿਹਤ ਅਤੇ ਪੇਸ਼ੇਵਰ ਸੇਵਾਵਾਂ ਸਿਰਫ ਇਕ ਸਮੇ ਇਕ ਲਈ ਸੇਵਾਵਾਂ ਲਈ ਮੁਲਾਕਾਤ ਨਿਯੁਕਤੀ ਦੁਆਰਾ ਖੋਲ੍ਹੀਆਂ ਜਾ ਸਕਦੀਆਂ ਹਨ । ਸਾਰੇ ਜਨਤਕ ਸਿਹਤ ਅਤੇ ਸੈਕਟਰ ਸੇਧ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ । ਉਦਾਹਰਣਾਂ ਵਿੱਚ ਦੰਦਾਂ ਦੇ ਡਾਕਟਰ, ਐਨਕਾਂ ਦੇ ਡਾਕਟਰ, ਥੈਰੇਪਿਸਟ, ਐਕਯੂਪੰਕਚਰ ਵਾਲੇ, ਵਕੀਲ ਅਤੇ ਲੇਖਾਕਾਰ ਸ਼ਾਮਲ ਹੁੰਦੇ ਹਨ ।**

## ਨਿੱਜੀ ਅਤੇ ਤੰਦਰੁਸਤੀ ਸੇਵਾਵਾਂ

**ਨਿੱਜੀ ਅਤੇ ਤੰਦਰੁਸਤੀ ਸੇਵਾਵਾਂ ਸਿਰਫ ਇਕ ਸਮੇਂ ਇਕ ਸੇਵਾਵਾਂ ਲਈ ਮੁਲਾਕਾਤ ਨਿਯੁਕਤ ਸਮੇਂ ਨਾਲ ਖੁੱਲ੍ਹ ਸਕਦੀਆਂ ਹਨ । ਸਾਰੇ ਜਨਤਕ ਸਿਹਤ ਅਤੇ ਸੈਕਟਰ ਸੇਧ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ । ਉਦਾਹਰਣਾਂ ਵਿੱਚ ਵਾਲ ਅਤੇ ਨਹੁੰ ਦੇ ਸੈਲੋਨ, ਸੋਹਜਵਾਦੀ ਸੇਵਾਵਾਂ ਅਤੇ ਮਾਲਸ਼ ਉਪਚਾਰ ਸ਼ਾਮਲ ਹਨ ।**

## ਪ੍ਰਦਰਸ਼ਨ ਖੇਡਾਂ ਅਤੇ ਸਰੀਰਕ ਗਤੀਵਿਧੀਆਂ

ਟੀਮਾਂ ਵਾਲੀਆਂ ਖੇਡਾਂ ਦੀ ਮਨਾਹੀ ਹੈ। ਘੱਟ ਤੀਬਰਤਾ ਵਾਲੀ ਤੰਦਰੁਸਤੀ ਸਿਖਲਾਈ, ਬੱਚਿਆਂ ਦੀਆਂ ਤੇ ਕਾਲਜ ਦੀਆਂ ਖੇਡਾਂ, ਮਨੋਰੰਜਨ ਗਤੀਵਿਧੀਆਂ, ਪ੍ਰਦਰਸ਼ਨ ਗਤੀਵਿਧੀਆਂ (ਵੱਧ ਤੋਂ ਵੱਧ 10 ਭਾਗੀਦਾਰ) ਦੀ ਪਾਬੰਦੀਆਂ ਨਾਲ ਆਗਿਆ ਹੈ।


@2021 Government of Alberta | ਪ੍ਰਕਾਸ਼ਿਤ: ਮਾਰਚ 2021